Sylvia
BISHOP
and TEAM DELTA

# ਬਿਸ਼ਪ ਨੇ ਚੁਣੇ ਜਾਣ ਦੇ 100 ਦਿਨਾਂ ਦੇ ਅੰਦਰ ਕਫਾਇਤੀ ਘਰਾਂ ਦੇ ਸੰਮੇਲਨ ਦਾ ਵਾਅਦਾ ਕੀਤਾ

## ਟੀਮ ਡੈਲਟਾ ਨੇ ਪੇਸ਼ ਕੀਤਾ ਹਾਊਸਿੰਗ ਦਾ ਐਕਸ਼ਨ ਪਲਾਨ

ਸਤੰਬਰ **4, 2018** – ਡੈਲਟਾ ਬੀ.ਸੀ.– ਦੋ ਟਰਮਾਂ ਤੋਂ ਕੌਂਸਲਰ ਅਤੇ ਹੁਣ ਡੈਲਰਾ ਦੀ ਮੇਅਰ ਲਈ ਚੋਣ ਲੜ ਰਹੀ ਸਿਲਵੀਆ ਬਿਸ਼ਪ ਨੇ ਅੱਜ ਕਿਹਾ ਕਿ ਟੀਮ ਡੈਲਟਾ ਦੁਆਰਾ ਜਿੱਤੇ ਜਾਣ ਦੀ ਸਥਿਤੀ ਵਿੱਚ ਸਿਟੀ ਆਫ ਡੈਲਟਾ ਦੁਆਰਾ ਸ਼ਿਖਰ-ਸੰਮੇਲਨ ਦਾ ਆਯੋਜਨ ਕੀਤਾ ਜਾਵੇਗਾ ਤਾਂ ਕਿ ਉਹਨਾਂ ਨੀਤੀਆਂ ਨੂੰ ਪਹਿਚਾਣਿਆ ਜਾ ਸਕੇ ਜਿਹਨਾਂ ਨਾਲ ਸ਼ਹਿਰ ਵਿੱਚ ਕਫਾਇਤੀ ਘਰ ਅਤੇ ਰੈਂਟਲ ਨਿਵਾਸ ਥਾਵਾਂ ਵਿੱਚ ਵਾਧਾ ਕੀਤਾ ਜਾ ਸਕੇ।

ਇਸ ਸੰਮੇਲਨ ਵਿੱਚ ਸਿੱਖਿਅਕ, ਅਰਥ- ਸ਼ਾਸ਼ਤਰੀ, ਕਮਿਊਨਟੀ ਅਤੇ ਹਾਊਸਿੰਗ ਦੇ ਸਰਗਰਮ ਮੈਂਬਰ, ਡਿਵੈਲਪਰ, ਉੱਘੇ ਡੈਲਟਾ ਵਸਨੀਕ ਅਤੇ ਹੋਰਨਾਂ ਨੂੰ ਸੱਦਾ ਦਿੱਤਾ ਜਾਵੇਗਾ। 26 ਜਨਵਰੀ 2019 ਤੋਂ ਪਹਿਲਾਂ ਇਸਦਾ ਆਯੋਜਨ ਕੀਤਾ ਜਾਵੇਗਾ ਅਤੇ ਫੇਰ ਤੁਰੰਤ ਬਾਦ ਡੈਲਟਾ ਸ਼ਹਿਰ ਦੇ ਨਵੇਂ ਮੇਅਰ ਅਤੇ ਕੌਂਸਲ ਨਵੀਆਂ ਨੀਤੀਆਂ  ਪੇਸ਼ ਕਰਨਗੇ ਅਤੇ ਬਹਾਰ ਦੀ ਰੁੱਤ ਇਸਨੂੰ ਲਾਗੂ ਕਰਨਗੇ।
ਬਿਸ਼ਪ ਨੇ ਕਿਹਾ ਕਿ "ਡੈਲਟਾ ਦੇ ਨਿਵਾਸੀਆਂ ਲਈ ਕਿਰਾਏ ਵਾਲੀਆਂ ਨਿਵਾਸ ਥਾਵਾਂ ਅਤੇ ਕਫਾਇਤੀ ਘਰ ਬਹੁਤ ਮਹੱਤਵਪੂਰਣ ਮੁੱਦਾ ਹੈ"।

"ਇਸੇ ਲਈ ਮੈਂ ਵਾਦਾ ਕੀਤਾ ਹੈ ਕਿ 20 ਅਕਤੂਬਰ ਦੀਆ ਚੋਣਾਂ ਤੋਂ ਬਾਦ 100 ਦਿਨਾਂ ਦੇ ਅੰਦਰ ਮੈਂ ਸੰਮੇਲਨ ਦਾ ਆਯੋਜਨ ਕਰਾਂਗੀ। ਲੋਕਾਂ ਦੁਆਰਾ ਇਸ ਮੁੱਦੇ ਨੂੰ ਹਾਊਸਿੰਗ ਸੰਕਟ ਦਾ ਨਾਮ ਦਿੱਤਾ ਜਾ ਰਿਹਾ ਹੈ ਅਤੇ ਇਸ ਮੁੱਦੇ ਨੂੰ ਸੰਬੋਧਿਤ ਕਰਨ ਲਈ ਸਾਨੂੰ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ"।

ਬਿਸ਼ਪ ਨੇ ਇਹ ਵੀ ਐਲਾਨ ਕੀਤਾ ਕਿ ਉਹ ਅਤੇ ਉਹਨਾਂ ਦੀ ਟੀਮ ਡੈਲਟਾ ਸਲੇਟ ਇਸ ਹਫਤੇ ਦੇ ਅੰਤ ਤੱਕ 'ਮੇਡ ਇਨ ਡੈਲਟਾ ਸੋਲਿਊਸ਼ਨ :ਰਿਸਚਰ ਪੇਪਰ ਆਨ ਅਫੋਰਡੇਬਲ ਹਾਊਸਿੰਗ ਐਂਡ ਰੈਂਟਲ ਅਕਮੋਡੇਸ਼ਨ' ਦਾ ਖੁਲਾਸਾ ਕਰਨਗੇ।ਇਸੇ ਪੇਪਰ ਵਿੱਚ ਉਹਨਾਂ ਦਿੱਕਤਾਂ ਤੇ ਚਾਨਣਾ ਪਾਇਆ ਜਾਵੇਗਾ ਜਿਹਨਾਂ ਦਾ ਸਾਹਮਣਾ ਬ੍ਰਿਟਿਸ਼ ਕੋਲੰਬੀਆ ਦੇ ਵਾਸੀ ਕਰ ਰਹੇ ਹਨ। ਖਾਸਕਰ ਉਹ ਜੋ ਲੋਅਰ ਮੇਨਲੈਂਡ ਵਿੱਚ ਰਹਿੰਦੇ ਹਨ।

ਬਿਸ਼ਪ ਨੇ ਕਿਹਾ , "ਟੀਮ ਡੈਲਟਾ ਅਤੇ ਮੈਂ ਡੈਲਟਾ ਨਿਵਾਸੀਆਂ ਲਈ ਸੁਧਾਰ ਕਰਨ ਲਈ ਵਚਨਬੱਧ ਹਾਂ।ਇਸੇ ਲਈ ਅਸੀਂ ਕਈ ਮੁੱਦਿਆ ਤੇ ਐਕਸ਼ਨ ਪਲਾਨ ਦਾ ਨਿਰਮਾਣ ਕਰ ਰਹੇ ਹਾਂ ਤਾਂ ਕਿ ਜ਼ਰੂਰੀ ਮੁੱਦਿਆ ਨੂੰ ਸੰਬੋਧਿਤ ਕੀਤਾ ਜਾ ਸਕੇ। ਕਫਾਇਤੀ ਘਰਾਂ ਅਤੇ ਕਿਰਾਏ ਵਾਲੇ ਨਿਵਾਸ ਸਥਾਨਾਂ ਦੇ ਐਕਸ਼ਨ ਪਲਾਨ ਦੀ ਪੇਸ਼ਕਸ਼ ਕਰਦੇ ਹੋਏ ਮੈਂ ਬੇਹੱਦ ਖੁਸ਼ੀ ਮਹਿਸੂਸ ਕਰ ਰਹੀ ਹਾਂ। 20 ਅਕਤੂਬਰ ਨੂੰ ਚੁਣੇ ਜਾਣ ਤੋਂ ਬਾਦ ਅਸੀਂ ਇਸ ਐਕਸ਼ਨ ਪਲਾਨ ਨੂੰ ਲਾਗੂ ਕਰਾਂਗੇ।
ਬਿਸ਼ਪ ਦੇ ਨਾਲ ਨਾਲ ਟੀਮ ਡੈਲਟਾ ਦੇ ਉਮੀਦਵਾਰਾਂ ਵਿੱਚ ਵੈਟਰਨ ਕੌਂਸਲਰ ਰਾਬਰਟ ਕੈਂਪਬਲ ਅਤੇ ਨਵੇਂ ਮੈਂਬਰ ਡਾ: ਜੌਨ੍ਹ ਹੈਂਸਨ ,ਕਿਮ ਕੈਂਡਲ ਅਤੇ ਸਿਮਰਨ ਵਾਲੀਆ ਸ਼ਾਮਲ ਹਨ।

ਸੰਪਰਕ ਕਰੋ:’
Jason Craik, co-campaign manager 604-603-1790
Kristy Fredericks, co-campaign manager 604-626-1374
teamdeltamedia@gmail.com